# ਇੱਕ ਵਾਰ ਦਾ

# $500

**ਕੈਨੇਡਾ ਹਾਊਸਿੰਗ ਬੈਨੀਫਿਟ**

## ਨਵੇਂ ਆਏ ਲੋਕਾਂ ਲਈ ਜਾਣਕਾਰੀ

### ਕੈਨੇਡਾ ਹਾਊਸਿੰਗ ਬੈਨੀਫਿਟ ਲਈ ਇੱਕ ਵਾਰ ਦੇ ਟੌਪ-ਅੱਪ ਦਾ ਮਕਸਦ ਘੱਟ ਆਮਦਨ ਵਾਲੇ ਕਿਰਾਏਦਾਰਾਂ ਦੀ ਮਦਦ ਕਰਨਾ ਹੈ ਜੋ ਕਿਰਾਏ ਦੀ ਲਾਗਤ ਨਾਲ ਸੰਘਰਸ਼ ਕਰ ਰਹੇ ਹਨ।

### ਕੌਣ ਅਰਜ਼ੀ ਦੇ ਸਕਦਾ ਹੈ

ਜੇਕਰ ਤੁਸੀਂ ਕੈਨੇਡਾ ਵਿੱਚ ਨਵੇਂ ਹੋ, ਤਾਂ ਤੁਸੀਂ $500 ਦੇ ਇੱਕ-ਵਾਰ ਦੇ ਭੁਗਤਾਨ ਲਈ ਯੋਗ ਹੋ ਸਕਦੇ ਹੋ ਜੇ ਤੁਸੀਂ ਹੇਠਾਂ ਦਿੱਤੇ ਸਾਰੇ ਮਾਪਦੰਡਾਂ ਨੂੰ ਪੂਰਾ ਕਰਦੇ ਹੋ:

- ਤੁਸੀਂ (ਅਤੇ ਤੁਹਾਡੇ ਪਤੀ/ਪਤਨੀ ਜਾਂ ਕਾਮਨ-ਲਾਅ ਪਾਰਟਨਰ, ਜੇਕਰ ਲਾਗੂ ਹੋਵੇ) ਨੇ 2021 ਦੀ ਆਮਦਨ ਟੈਕਸ ਰਿਟਰਨ ਦਾਇਰ ਕੀਤੀ ਹੈ ਜਾਂ ਤੁਹਾਡੀ 2021 ਦੀ ਵਿਸ਼ਵ ਆਮਦਨ ਪ੍ਰਦਾਨ ਕੀਤੀ ਹੈ।
- 2021 ਵਿੱਚ ਤੁਹਾਡੀ ਐਡਜਸਟ ਕੀਤੀ ਪਰਿਵਾਰਕ ਨੈੱਟ ਆਮਦਨ (AFNI) $20,000 ਜਾਂ ਘੱਟ (ਵਿਅਕਤੀਗਤ) ਜਾਂ $35,000 ਜਾਂ ਘੱਟ (ਪਰਿਵਾਰ) ਸੀ।

  *ਕੈਨੇਡਾ ਰੈਵੇਨਿਊ ਏਜੰਸੀ (CRA) AFNI **ਐਸਟੀਮੇਟਰ** ਉਹਨਾਂ ਦੀ ਵੈੱਬਸਾਈਟ 'ਤੇ ਉਪਲਬਧ ਹੈ।*
- 1 ਦਸੰਬਰ, 2022 ਨੂੰ ਤੁਹਾਡੀ ਉਮਰ ਘੱਟ ਤੋਂ ਘੱਟ 15 ਸਾਲ ਸੀ।
- ਤੁਸੀਂ 2022 ਵਿੱਚ ਟੈਕਸ ਉਦੇਸ਼ਾਂ ਲਈ ਕੈਨੇਡਾ ਵਿੱਚ ਇੱਕ ਨਿਵਾਸੀ ਸੀ।
- 1 ਦਸੰਬਰ 2022 ਨੂੰ ਤੁਹਾਡੀ ਮੁੱਖ ਰਿਹਾਇਸ਼ ਕੈਨੇਡਾ ਵਿੱਚ ਸਥਿਤ ਸੀ।
- ਤੁਸੀਂ 2022 ਕਲੰਡਰ ਸਾਲ ਵਿੱਚ ਕੈਨੇਡਾ ਵਿੱਚ ਆਪਣੀ ਖੁਦ ਦੀ ਮੁੱਖ ਰਿਹਾਇਸ਼ ਲਈ ਕਿਰਾਏ ਦਾ ਭੁਗਤਾਨ ਕੀਤਾ ਸੀ।
- ਤੁਸੀਂ 2022 ਵਿੱਚ ਕੈਨੇਡਾ ਵਿੱਚ ਆਪਣੇ ਮੁੱਖ ਨਿਵਾਸ ਲਈ ਕਿਰਾਏ ਵਿੱਚ ਆਪਣੇ 2021 AFNI ਦਾ ਘੱਟੋ-ਘੱਟ 30% ਭੁਗਤਾਨ ਕੀਤਾ ਹੈ।

### ਰਿਹਾਇਸ਼ ਦੀ ਸਥਿਤੀ

ਇਸ ਲਾਭ ਲਈ ਯੋਗਤਾ ਦੇ ਮਾਪਦੰਡ ਦੇ ਹਿੱਸੇ ਵਜੋਂ, ਇਹ ਜ਼ਰੂਰੀ ਹੈ ਕਿ ਤੁਸੀਂ 2022 ਵਿੱਚ ਇਨਕਮ ਟੈਕਸ ਦੇ ਉਦੇਸ਼ਾਂ ਲਈ ਕੈਨੇਡਾ ਦੇ ਨਿਵਾਸੀ ਰਹੇ ਹੋ।

ਕੈਨੇਡਾ ਵਿੱਚ ਰਹਿਣ ਅਤੇ ਮਹੱਤਵਪੂਰਨ **ਰਿਹਾਇਸ਼ੀ ਸੰਬੰਧ** ਸਥਾਪਤ ਕਰਨ ਦੇ ਇਰਾਦੇ ਨਾਲ ਕੈਨੇਡਾ ਵਿੱਚ ਦਾਖਲ ਹੋਣ ਵੇਲੇ ਤੁਸੀਂ **ਆਮਦਨ ਕਰ ਦੇ ਉਦੇਸ਼ਾਂ ਲਈ ਕੈਨੇਡਾ ਦੇ ਨਿਵਾਸੀ** ਬਣ ਜਾਂਦੇ ਹੋ। ਤੁਸੀਂ ਆਮ ਤੌਰ 'ਤੇ ਇਹ ਸੰਬੰਧ ਕੈਨੇਡਾ ਵਿੱਚ ਪਹੁੰਚਣ ਦੀ ਮਿਤੀ ਨੂੰ ਸਥਾਪਤ ਕਰਦੇ ਹੋ।

ਜੇਕਰ ਹੇਠਾਂ ਦਿੱਤੇ ਸਾਰੇ ਮਾਪਦੰਡ ਸਹੀ ਹਨ ਤਾਂ ਤੁਸੀਂ ਆਮਦਨ ਕਰ ਦੇ ਉਦੇਸ਼ਾਂ ਲਈ 2022 ਵਿੱਚ ਕੈਨੇਡਾ ਦੇ ਨਿਵਾਸੀ **ਸੀ**:

- ਤੁਹਾਡਾ ਇਰਾਦਾ ਇੱਥੇ ਵਸਣ ਅਤੇ ਆਪਣਾ ਜੀਵਨ ਬਤੀਤ ਕਰਨ ਦਾ ਸੀ।
- ਤੁਹਾਡੇ ਕੈਨੇਡਾ ਨਾਲ ਮੁਢਲੇ ਰਿਹਾਇਸ਼ੀ ਸਬੰਧ ਸਨ - ਇਸ ਵਿੱਚ ਪਤੀ/ਪਤਨੀ, ਬੱਚੇ ਅਤੇ ਮੁੱਖ ਰਿਹਾਇਸ਼ ਸ਼ਾਮਲ ਹੈ।
- ਤੁਹਾਡੇ ਕੈਨੇਡਾ ਨਾਲ ਸੈਕੰਡਰੀ ਸਬੰਧ ਵੀ ਸਨ, - ਇਸ ਵਿੱਚ ਬੈਂਕ ਖਾਤਾ, ਡਰਾਈਵਰ ਲਾਇਸੰਸ, ਯੂਟਿਲਿਟੀ ਸੇਵਾ ਅਤੇ ਹੋਰ ਸ਼ਾਮਲ ਹਨ।
- ਕੈਨੇਡਾ ਦੀ ਉਸ ਦੇਸ਼ ਨਾਲ ਕੀਤੀ ਟੈਕਸ ਸੰਧੀ ਦੇ ਤਹਿਤ ਤੁਹਾਨੂੰ ਕਿਸੇ ਹੋਰ ਦੇਸ਼ ਦਾ ਨਿਵਾਸੀ ਨਹੀਂ ਮੰਨਿਆ ਗਿਆ ਸੀ।

**ਹੋਰ ਜਾਣਨ ਲਈ,**
canada.ca/one-time-housing-benefit **'ਤੇ ਜਾਓ।**

Canada

CMHC SCHL

ਜੇਕਰ ਹੇਠਾਂ ਦਿੱਤੇ ਵਿੱਚੋਂ **ਕੋਈ ਵੀ** ਸੱਚ ਹੈ ਤੁਸੀਂ ਆਮਦਨ ਕਰ ਦੇ ਉਦੇਸ਼ਾਂ ਲਈ 2022 ਵਿੱਚ ਕੈਨੇਡਾ ਦੇ ਨਿਵਾਸੀ **ਨਹੀਂ** ਸੀ:

- ਤੁਸੀਂ 2022 ਦੌਰਾਨ ਆਮ ਤੌਰ 'ਤੇ, ਰਿਵਾਜੀ ਤੌਰ 'ਤੇ, ਜਾਂ ਨਿਯਮਿਤ ਤੌਰ 'ਤੇ ਕਿਸੇ ਹੋਰ ਦੇਸ਼ ਵਿੱਚ ਰਹਿੰਦੇ ਹੋ ਅਤੇ ਤੁਹਾਨੂੰ ਕੈਨੇਡਾ ਦਾ ਨਿਵਾਸੀ **ਨਹੀਂ** ਮੰਨਿਆ ਗਿਆ ਸੀ।
- ਤੁਹਾਡੇ ਕੈਨੇਡਾ ਨਾਲ ਮਹੱਤਵਪੂਰਨ ਰਿਹਾਇਸ਼ੀ ਸਬੰਧ **ਨਹੀਂ** ਹਨ ਅਤੇ ਹੇਠਾਂ ਦਿੱਤੇ ਵਿੱਚੋਂ **ਕੋਈ ਵੀ** ਲਾਗੂ ਹੁੰਦਾ ਹੈ:
  - ਤੁਸੀਂ 2022 ਦੌਰਾਨ ਕੈਨੇਡਾ ਤੋਂ ਬਾਹਰ ਰਹੇ ਹੋ।
  - ਤੁਸੀਂ 2022 ਵਿੱਚ 183 ਦਿਨਾਂ ਤੋਂ ਘੱਟ ਸਮੇਂ ਲਈ ਕੈਨੇਡਾ ਵਿੱਚ ਰਹੇ ਹੋ।

ਨਵੇਂ ਆਉਣ ਵਾਲੇ ਬਣਨ ਬਾਰੇ CRA ਤੋਂ ਜਾਣਕਾਰੀ **ਨਵੇਂ ਆਉਣ ਵਾਲਿਆਂ ਲਈ ਲਾਭ, ਕ੍ਰੈਡਿਟ ਅਤੇ ਟੈਕਸ** 'ਤੇ ਮਿਲ ਸਕਦੀ ਹੈ। ਜੇਕਰ ਤੁਸੀਂ ਹਾਲੇ ਵੀ ਨਿਸ਼ਚਿਤ ਨਹੀਂ ਹੋ, ਤਾਂ **ਆਪਣੀ ਰਿਹਾਇਸ਼ੀ ਸਥਿਤੀ ਨਿਰਧਾਰਤ ਕਰਨ** ਲਈ CRA ਦੀ ਵੈੱਬਸਾਈਟ 'ਤੇ ਜਾਓ।

## ਵਿਸ਼ਵ ਆਮਦਨ

*ਇਨਕਮ ਟੈਕਸ ਐਕਟ* ਦੇ ਅਨੁਸਾਰ ਤੁਹਾਡੀ ਵਿਸ਼ਵ ਆਮਦਨ ਪ੍ਰਦਾਨ ਕਰਨਾ ਆਮਦਨ ਦਾ ਰਿਟਰਨ ਮੰਨਿਆ ਜਾਂਦਾ ਹੈ ਅਤੇ ਇਸ ਲਾਭ ਦੇ ਉਦੇਸ਼ਾਂ ਲਈ ਤੁਹਾਡੀ AFNI ਸਥਾਪਤ ਕਰਨ ਦਾ ਇੱਕ ਸਵੀਕਾਰਯੋਗ ਤਰੀਕਾ ਹੈ।

ਜੇਕਰ ਤੁਸੀਂ 2021 ਜਾਂ 2022 ਵਿੱਚ ਕੈਨੇਡਾ ਦੇ ਨਿਵਾਸੀ ਬਣੇ ਹੋ ਅਤੇ ਤੁਸੀਂ ਹਾਲੇ ਤੱਕ ਆਪਣੀ ਵਿਸ਼ਵ ਆਮਦਨ ਜਮ੍ਹਾਂ ਨਹੀਂ ਕੀਤੀ ਹੈ, ਤਾਂ ਤੁਹਾਨੂੰ ਇਸ ਲਾਭ ਲਈ ਅਰਜ਼ੀ ਦੇਣ ਤੋਂ ਪਹਿਲਾਂ ਅਜਿਹਾ ਕਰਨਾ ਚਾਹੀਦਾ ਹੈ। ਇਹ ਇਸ ਤਰ੍ਹਾਂ ਕੀਤਾ ਜਾ ਸਕਦਾ ਹੈ:

- ਜੇਕਰ 2021 ਵਿੱਚ ਤੁਹਾਡੇ 18 ਸਾਲ ਤੋਂ ਘੱਟ ਉਮਰ ਦੇ ਬੱਚੇ ਸਨ, ਤਾਂ ਤੁਸੀਂ **ਕੈਨੇਡਾ ਚਾਈਲਡ ਬੈਨੀਫਿਟ (CCB) ਲਈ ਅਰਜ਼ੀ** ਦੇ ਸਕਦੇ ਹੋ ਅਤੇ ਆਪਣੀ ਅਰਜ਼ੀ ਦੇ ਹਿੱਸੇ ਵਜੋਂ RC66SCH ਦੀ ਵਰਤੋਂ ਕਰਕੇ ਆਪਣੀ ਵਿਸ਼ਵ ਆਮਦਨ ਪ੍ਰਦਾਨ ਕਰ ਸਕਦੇ ਹੋ।
- ਜੇਕਰ 2021 ਵਿੱਚ ਤੁਹਾਡੇ 18 ਸਾਲ ਤੋਂ ਘੱਟ ਉਮਰ ਦੇ ਬੱਚੇ **ਨਹੀਂ** ਸਨ ਤਾਂ ਤੁਸੀਂ **GST/HST ਕ੍ਰੈਡਿਟ ਅਤੇ ਕਲਾਈਮੇਟ ਐਕਸ਼ਨ ਇੰਸੈਂਟਿਵ ਪੇਮੈਂਟ ਲਈ ਅਰਜ਼ੀ** (RC151) ਦੇ ਸਕਦੇ ਹੋ ਅਤੇ ਆਪਣੀ ਅਰਜ਼ੀ ਦੇ ਹਿੱਸੇ ਵਜੋਂ ਆਪਣੀ ਵਿਸ਼ਵ ਆਮਦਨ ਪ੍ਰਦਾਨ ਕਰ ਸਕਦੇ ਹੋ।
- ਜੇਕਰ ਤੁਸੀਂ ਪਹਿਲਾਂ ਹੀ CCB ਜਾਂ GST/HST ਕ੍ਰੈਡਿਟ ਲਈ ਅਰਜ਼ੀ ਦੇ ਦਿੱਤੀ ਹੈ ਅਤੇ ਸਿਰਫ 2021 ਦੀ ਵਿਸ਼ਵ ਆਮਦਨ ਗਾਇਬ ਹੈ, ਤਾਂ ਤੁਸੀਂ ਆਪਣੀ ਵਿਸ਼ਵ ਆਮਦਨ ਪ੍ਰਦਾਨ ਕਰਨ ਲਈ CRA ਦੀ ਲਾਭ ਪੁੱਛ-ਗਿਛ ਸੇਵਾ ਨੂੰ **1-800-387-1193** 'ਤੇ ਕਾਲ ਕਰ ਸਕਦੇ ਹੋ।

## ਅਰਜ਼ੀ ਕਿਵੇਂ ਦੇਣੀ ਹੈ

ਜਿਸ ਵਿਲੱਖਣ ਸਥਿਤੀ ਵਿੱਚ ਤੁਸੀਂ ਆਪਣੇ ਆਪ ਨੂੰ ਪਾ ਸਕਦੇ ਹੋ, ਉਸ ਨੂੰ ਦੇਖਦੇ ਹੋਏ, ਤੁਸੀਂ CRA ਨੂੰ 1-800-282-8079 'ਤੇ ਕਾਲ ਕਰ ਸਕਦੇ ਹੋ, ਅਤੇ ਇੱਕ ਏਜੰਟ ਕੈਨੇਡਾ ਹਾਊਸਿੰਗ ਬੈਨੀਫਿਟ ਲਈ ਇੱਕ ਵਾਰ ਦੇ ਟੌਪ-ਅੱਪ ਲਈ ਤੁਹਾਡੀ ਯੋਗਤਾ ਨਿਰਧਾਰਤ ਕਰਨ ਅਤੇ ਅਰਜ਼ੀ ਭਰਨ ਵਿੱਚ ਤੁਹਾਡੀ ਮਦਦ ਕਰੇਗਾ।

ਤੁਸੀਂ **CRA My Account** ਰਾਹੀਂ ਜਾਂ **ਮਾਈ ਸਰਵਿਸ ਕੈਨੇਡਾ ਖਾਤੇ** ਦੀ ਵਰਤੋਂ ਕਰਕੇ ਵੀ ਅਰਜ਼ੀ ਦੇ ਸਕਦੇ ਹੋ। CRA My Account ਵਿੱਚ ਡਾਇਰੈਕਟ ਡਿਪਾਜ਼ਿਟ ਲਈ ਰਜਿਸਟਰ ਕਰ ਕੇ ਭੁਗਤਾਨ ਜ਼ਿਆਦਾ ਤੇਜ਼ੀ ਨਾਲ ਜਾਰੀ ਕੀਤੇ ਜਾਣਗੇ।

ਜੇਕਰ ਤੁਸੀਂ CRA My Account ਵਿੱਚ ਸਾਈਨ-ਇਨ ਜਾਂ ਰਜਿਸਟਰ ਨਹੀਂ ਕਰ ਸਕਦੇ ਹੋ ਤਾਂ ਇੱਕ **ਔਨਲਾਈਨ ਵੈੱਬ ਫਾਰਮ** ਉਪਲਬਧ ਹੈ।

## ਹੋਰ ਲਾਭਾਂ 'ਤੇ ਅਸਰ

ਜੇਕਰ ਤੁਸੀਂ ਆਪਣੇ ਸੂਬੇ ਜਾਂ ਰਿਹਾਇਸ਼ ਦੀ ਮਿਊਂਨਿਸਿਪੈਲਿਟੀ ਵਿੱਚ ਹੋਰ ਲਾਭ ਪ੍ਰਾਪਤ ਕਰ ਰਹੇ ਹੋ, ਤਾਂ ਤੁਸੀਂ ਹਾਲੇ ਵੀ ਯੋਗ ਹੋ ਸਕਦੇ ਹੋ।

ਕੈਨੇਡਾ ਹਾਊਸਿੰਗ ਬੈਨੀਫਿਟ ਵਿੱਚ ਇੱਕ ਵਾਰ ਦਾ ਟੌਪ-ਅੱਪ ਹੋਰ ਸੰਘੀ ਲਾਭਾਂ ਨੂੰ ਪ੍ਰਭਾਵਿਤ **ਨਹੀਂ ਕਰਦਾ** ਹੈ, ਜਿਵੇਂ ਕਿ ਕੈਨੇਡਾ ਵਰਕਰਜ਼ ਬੈਨੀਫਿਟ, ਕੈਨੇਡਾ ਚਾਈਲਡ ਬੈਨੀਫਿਟ, GST/HST ਕ੍ਰੈਡਿਟ, ਸਰਕਾਰ ਤੋਂ ਸਹਾਇਤਾ ਪ੍ਰਾਪਤ ਰਿਫਊਜੀਆਂ ਲਈ ਵਿੱਤੀ ਸਹਾਇਤਾ, ਅਤੇ ਗਾਰੰਟੀਡ ਇਨਕਮ ਸਪਲੀਮੈਂਟ।

ਇਹ ਨਵਾਂ ਫੈਡਰਲ ਇੱਕ ਵਾਰ ਦਾ ਭੁਗਤਾਨ ਮਹੀਨਾਵਾਰ ਕੈਨੇਡਾ ਹਾਊਸਿੰਗ ਬੈਨੀਫਿਟ ਤੋਂ ਵੱਖਰੇ ਤੌਰ 'ਤੇ ਕੰਮ ਕਰਦਾ ਹੈ, ਜਿਸ ਨੂੰ ਸੂਬਿਆਂ ਅਤੇ ਟੈਰਿਟੋਰੀਆਂ ਦੁਆਰਾ ਸੰਯੁਕਤ ਤੌਰ 'ਤੇ ਫੰਡ ਕੀਤਾ ਅਤੇ ਦਿੱਤਾ ਜਾਂਦਾ ਹੈ।

**ਅਰਜ਼ੀਆਂ 31 ਮਾਰਚ, 2023 ਨੂੰ ਬੰਦ ਹੋ ਜਾਣਗੀਆਂ।**

70100 20230118-001A (Punjabi)

**ਹੋਰ ਜਾਣਨ ਲਈ,**
**canada.ca/one-time-housing-benefit 'ਤੇ ਜਾਓ।**